# Putting People First in Kirklees
# ਕਰਕਲੀਜ਼ ਵਿਖੇ ਲੋਕਾਂ ਨੂੰ ਪਹਿਲ ਦੇਣਾ

*choice, control and independence*
*ਚੋਣ, ਕੰਟਰੋਲ ਅਤੇ ਸੁਤੰਤਰਤਾ*

Adults and Communities
2009
ਅਡੱਲਟਸ ਐਂਡ ਕਮਿਊਨਿਟੀਜ਼
2009

# Choosing direct payments
# ਡਾਇਰੈਕਟ ਪੇਮੈਂਟਸ ਦੀ ਚੋਣ ਕਰਨਾ

## Introduction ਜਾਣ-ਪਛਾਣ

This leaflet tells you about direct payments, which is just one way that you can manage your personal budget from Kirklees Council Adult Services.

It explains what a direct payment is, what it can be used for and how it can offer you the choice and control to organise your own support to help you live your life the way you want.

ਇਹ ਲੀਫ਼ਲੈੱਟ ਤੁਹਾਨੂੰ ਡਾਇਰੈਕਟ ਪੇਮੈਂਟਸ (ਸਿੱਧੇ ਭੁਗਤਾਨਾਂ) ਬਾਰੇ ਦੱਸਦਾ ਹੈ, ਜੋ ਇਕ ਤਰੀਕਾ ਹੈ ਜਿਸ ਰਾਹੀਂ ਤੁਸੀਂ ਕਰਕਲੀਜ਼ ਕੌਂਸਲ ਅਡੱਲਟ ਸਰਵਿਸਿਜ਼ ਤੋਂ ਮਿਲਣ ਵਾਲੇ ਪੈਸਿਆਂ ਦੇ ਬੱਜਟ ਦਾ ਆਪ ਪਰਬੰਧ ਕਰ ਸਕਦੇ ਹੋ।

ਇਸ ਵਿਚ ਦੱਸਿਆ ਗਿਆ ਹੈ ਕਿ ਡਾਇਰੈਕਟ ਪੇਮੈਂਟ ਕੀ ਹੈ, ਇਸਦੀ ਵਰਤੋਂ ਕਿਸ ਵਾਸਤੇ ਕੀਤੀ ਜਾ ਸਕਦੀ ਹੈ ਅਤੇ ਇਸ ਨਾਲ ਤੁਹਾਨੂੰ ਆਪਣੀ ਮਿਲ ਰਹੀ ਸਹਾਇਤਾ ਦਾ ਪਰਬੰਧ ਕਰਨ ਲਈ ਕਿਸ ਤਰ੍ਹਾਂ ਚੋਣ ਅਤੇ ਕੰਟਰੋਲ ਕਰਨ ਦਾ ਮੌਕਾ ਮਿਲਦਾ ਹੈ ਤਾਂਕਿ ਤੁਹਾਨੂੰ ਆਪਣੀ ਪਸੰਦ ਦਾ ਜੀਵਨ ਬਤੀਤ ਕਰਨ ਵਿਚ ਸਹਾਇਤਾ ਮਿਲ ਸਕੇ।

# What is a direct payment?
# ਡਾਇਰੈਕਟ ਪੇਮੈਂਟ ਕੀ ਹੈ?

When you are told how much your personal budget is likely to be you will have a number of choices about the way you would like to manage your personal budget. One way you can choose to manage your budget is in the form of a direct payment.

If you choose to take a direct payment for any, or all, of your support needs, this will be given as a cash payment, to allow you to arrange your own support.

This cash payment is not taxable and is not included in any means tested benefit you may apply for or are already receiving, such as Housing Benefit or Income Support.

**ਜਦ ਤੁਹਾਨੂੰ ਇਹ ਦੱਸ ਦਿੱਤਾ ਜਾਂਦਾ ਹੈ ਕਿ ਤੁਹਾਨੂੰ ਆਪਣੇ ਖ਼ਰਚ ਲਈ ਕਿਤਨੇ ਪੈਸੇ ਮਿਲਣੇ ਹਨ ਤਾਂ ਤੁਹਾਡੇ ਕੋਲ ਆਪਣਾ ਬੱਜਟ ਆਪਣੀ ਪਸੰਦ ਅਨੁਸਾਰ ਬਣਾਉਣ ਲਈ ਕਈ ਤਰ੍ਹਾਂ ਦੀ ਖੁੱਲ੍ਹ ਹੋਵੇਗੀ। ਤੁਹਾਡੇ ਕੋਲ ਆਪਣੇ ਬੱਜਟ ਦਾ ਪਰਬੰਧ ਕਰਨ ਦਾ ਇਕ ਤਰੀਕਾ ਹੈ ਡਾਇਰੈਕਟ ਪੇਮੈਂਟ ਦੀ ਚੋਣ ਕਰਨਾ।**

ਜੇਕਰ ਤੁਸੀਂ ਆਪਣੀ ਸਹਾਇਤਾ ਦੀਆਂ ਸਾਰੀਆਂ, ਜਾਂ ਕਿਸੇ ਇਕ,  ਲੋੜ ਲਈ ਡਾਇਰੈਕਟ ਪੇਮੈਂਟ ਲੈਣ ਦੀ ਚੋਣ ਕਰਦੇ ਹੋ, ਤਾਂ ਇਹ ਤੁਹਾਨੂੰ ਨਕਦ ਪੈਸਿਆਂ ਦੇ ਰੂਪ ਵਿਚ ਦਿੱਤੀ ਜਾਵੇਗੀ, ਤਾਂਕਿ ਤੁਸੀਂ ਆਪਣੀ ਸਹਾਇਤਾ ਦਾ ਪਰਬੰਧ ਕਰ ਸਕੋ।

ਇਨ੍ਹਾਂ ਨਕਦ ਪੈਸਿਆਂ ’ਤੇ ਟੈਕਸ ਨਹੀਂ ਲੱਗੇਗਾ ਅਤੇ ਇਨ੍ਹਾਂ ਦੀ ਗਿਣਤੀ ਤੁਹਾਨੂੰ ਮਿਲ ਰਹੇ ਜਾਂ ਤੁਹਾਡੇ ਵਲੋਂ ਕਲੇਮ ਕੀਤੇ ਗਏ ਭੱਤਿਆਂ ਜਿਵੇਂ ਕਿ ਹਾਉਸਿੰਗ ਬੈਨੀਫਿਟ ਜਾਂ ਇਨਕਮ ਸਪੋਰਟ ਦਾ ਹਿਸਾਬ ਕਿਤਾਬ ਕਰਨ ਵਿਚ ਨਹੀਂ ਕੀਤੀ ਜਾਵੇਗੀ।

# Who can receive a direct payment?
# ਡਾਇਰੈਕਟ ਪੇਮੈਂਟ ਕਿਸਨੂੰ ਮਿਲ ਸਕਦੀ ਹੈ?

Most people who are eligible for support from Adult Services will be able to choose a direct payment. However, there are some restrictions to people who need care and support services for their mental health needs.

You can use your direct payment to buy services to meet the outcomes you will have identified in your support plan.

**ਅਡੱਲਟ ਸਰਵਿਸਿਜ਼ ਤੋਂ ਸਹਾਇਤਾ ਲੈਣ ਦੇ ਹੱਕਦਾਰ ਬਹੁਤ ਸਾਰੇ ਲੋਕ ਡਾਇਰੈਕਟ ਪੇਮੈਂਟ ਲੈਣ ਦੀ ਚੋਣ ਕਰ ਸਕਦੇ ਹਨ। ਲੇਕਿਨ, ਜਿਹੜੇ ਲੋਕਾਂ ਨੂੰ ਮਾਨਸਿਕ ਰੋਗਾਂ ਲਈ ਸਹਾਇਤਾ ਦੀ ਲੋੜ ਹੈ, ਉਨ੍ਹਾਂ ਲਈ ਕੁਝ ਪਾਬੰਦੀਆਂ ਹਨ।**

ਤੁਸੀਂ ਆਪਣੀ ਡਾਇਰੈਕਟ ਪੇਮੈਂਟ ਦੀ ਵਰਤੋਂ ਉਨ੍ਹਾਂ ਉਦੇਸ਼ਾਂ ਦੀ ਪੂਰਤੀ ਕਰਨ ਵਾਸਤੇ ਸੇਵਾਵਾਂ ਖਰੀਦਣ ਲਈ ਕਰ ਸਕਦੇ ਹੋ ਜਿਨ੍ਹਾਂ ਦੀ ਪਛਾਣ ਤੁਹਾਡੇ ਸਪੋਰਟ ਪਲੈਨ ਵਿਚ ਕੀਤੀ ਗਈ ਹੈ।

# How will I pay my assessed contribution?
# ਮੈਂ ਜਾਂਚ ਤੋਂ ਬਾਅਦ ਆਪਣੇ ਯੋਗਦਾਨ ਦੇ ਪੈਸੇ ਕਿਵੇਂ ਅਦਾ ਕਰਾਂਗਾ?

Everyone who needs support from Adult Services will have a financial assessment that tells you how much you will be expected to pay towards your care.

This amount will be deducted from your direct payment. You will need to pay your contribution into your direct

payment bank account.

**ਅਡੱਲਟ ਸਰਵਿਸਿਜ਼ ਤੋਂ ਸਹਾਇਤਾ ਲੈਣ ਦੇ ਲੋੜਵੰਦ ਹਰ ਇਕ ਵਿਅਕਤੀ ਦੀ ਮਾਲੀ ਹਾਲਤ ਦੀ ਜਾਂਚ ਕੀਤੀ ਜਾਵੇਗੀ ਜਿਸਤੋਂ ਉਸਨੂੰ ਪਤਾ ਲੱਗੇਗਾ ਕਿ ਉਸਨੂੰ ਆਪਣੀ ਦੇਖ-ਭਾਲ ਵਾਸਤੇ ਕਿਤਨੇ ਪੈਸੇ ਦੇਣੇ ਪੈਣਗੇ।**

ਇਹ ਪੈਸੇ ਤੁਹਾਡੀ ਡਾਇਰੈਕਟ ਪੇਮੈਂਟ ਵਿਚੋਂ ਕੱਟ ਲਏ ਜਾਣਗੇ। ਤੁਹਾਨੂੰ ਆਪਣੇ ਹਿੱਸੇ ਆਉਂਦੇ ਪੈਸੇ ਆਪਣੇ ਡਾਇਰੈਕਟ ਪੇਮੈਂਟ ਵਾਲੇ ਬੈਂਕ ਅਕਾਉਂਟ ਵਿਚ ਜਮ੍ਹਾਂ ਕਰਾਉਣੇ ਪੈਣਗੇ।

# What do I have to do?
# ਮੈਨੂੰ ਕੀ ਕਰਨਾ ਪਵੇਗਾ?

You will need to open a separate bank account for your direct payment to be paid into.
You will also need to sign an agreement that you will only use your direct payment to meet the outcomes agreed in your support plan.
If you use your direct payment to employ your own support worker, care worker or personal assistant you will be their employer. It will be your responsibility to ensure they are paid on time and are not exposed to unnecessary risk.

**ਤੁਹਾਨੂੰ ਆਪਣਾ ਵੱਖਰਾ ਬੈਂਕ ਅਕਾਉਂਟ ਖੋਲ੍ਹਣਾ ਪਵੇਗਾ ਜਿਸ ਵਿਚ ਤੁਹਾਡੀ ਡਾਇਰੈਕਟ ਪੇਮੈਂਟ ਦੇ ਪੈਸੇ ਆਉਣਗੇ।**

ਤੁਹਾਨੂੰ ਇਕ ਇਕਰਾਰਨਾਮੇ ’ਤੇ ਦਸਤਖਤ ਵੀ ਕਰਨੇ ਪੈਣਗੇ ਕਿ ਤੁਸੀਂ ਆਪਣੀ ਡਾਇਰੈਕਟ ਪੇਮੈਂਟ ਦੀ ਵਰਤੋਂ ਕੇਵਲ ਉਨ੍ਹਾਂ ਸੇਵਾਵਾਂ ਲਈ ਕਰੋਗੇ ਜਿਨ੍ਹਾਂ ਬਾਰੇ ਤੁਹਾਡੇ ਕੇਅਰ ਪਲੈਨ ਵਿਚ ਸਹਿਮਤੀ ਹੋਈ ਹੋਵੇ।

ਜੇਕਰ ਤੁਸੀਂ ਆਪਣੀ ਡਾਇਰੈਕਟ ਪੇਮੈਂਟ ਦੀ ਵਰਤੋਂ ਆਪਣਾ ਸਪੋਰਟ ਵਰਕਰ, ਕੇਅਰ ਵਰਕਰ ਜਾਂ ਨਿੱਜੀ ਸਹਾਇਕ ਭਰਤੀ ਕਰਨ ਲਈ ਕਰਦੇ ਹੋ ਤਾਂ ਤੁਸੀਂ ਉਸਦੇ ਕੰਮ ਦੇ ਮਾਲਕ ਹੋ। ਇਹ ਗੱਲ ਯਕੀਨੀ ਬਣਾਉਣਾ ਤੁਹਾਡੀ ਜ਼ਿੰਮੇਵਾਰੀ ਹੈ ਕਿ ਉਨ੍ਹਾਂ ਨੂੰ ਤਨਖਾਹ ਸਮੇਂ ਸਿਰ ਮਿਲਦੀ ਹੈ ਅਤੇ ਉਨ੍ਹਾਂ ਨੂੰ ਬੇਵਜ੍ਹਾ ਕਿਸੇ ਖ਼ਤਰੇ ਵਿਚ ਨਾ ਪਾਇਆ ਜਾਵੇ।

# What can I use it for?

# ਮੈਂ ਇਸਦੀ ਵਰਤੋਂ ਕਿਸ ਵਾਸਤੇ ਕਰ ਸਕਦਾ ਹਾਂ?

You must use it to meet the outcomes in your support plan but you have some choice about the services you choose or the people you employ. For example, if one of your outcomes was to make sure you had a healthy diet, you might employ a care worker to cook a meal for you everyday. Or you might employ someone for a number of hours to cook and freeze meals for you so that you can re-heat them yourself.

Another outcome might be that your main carer has regular breaks from caring. You might choose to spend your direct payment to buy a week at a residential home. Or you might choose to go to a specialist hotel where care is provided as part of your stay so that you and your partner could go together.

If there is something you would like to use your direct payment to pay for and you are not sure if it meets your outcomes you can ask a member of the Independent Living Team.

**ਇਹ ਜ਼ਰੂਰੀ ਹੈ ਕਿ ਤੁਸੀਂ ਇਸਦੀ ਵਰਤੋਂ ਆਪਣੇ ਸਪੋਰਟ ਪਲੈਨ ਵਿਚ ਦਿੱਤੇ ਗਏ ਉਦੇਸ਼ਾਂ ਦੀ ਪੂਰਤੀ ਲਈ ਕਰਦੇ ਹੋ ਲੇਕਿਨ ਤੁਹਾਨੂੰ ਸੇਵਾਵਾਂ ਅਤੇ ਭਰਤੀ ਕਰਨ ਵਾਲੇ ਵਿਅਕਤੀਆਂ ਦੀ ਚੋਣ ਕਰਨ ਦੀ ਕੁਝ ਖੁੱਲ੍ਹ ਹੈ। ਉਦਾਹਰਣ ਵਜੋਂ, ਜੇਕਰ ਤੁਹਾਡੇ ਉਦੇਸ਼ਾਂ ਵਿਚੋਂ ਇਕ ਉਦੇਸ਼ ਤੁਹਾਨੂੰ ਸਿਹਤਮੰਦ ਭੋਜਨ ਦੇਣਾ ਸੀ, ਤਾਂ ਤੁਸੀਂ ਇਕ ਕੇਅਰ ਵਰਕਰ ਭਰਤੀ ਕਰ ਸਕਦੇ ਹੋ ਜੋ ਰੋਜ਼ਾਨਾ ਤੁਹਾਡੇ ਲਈ ਭੋਜਨ ਪਕਾ ਸਕਦਾ ਹੈ। ਜਾਂ ਤੁਸੀਂ ਕਿਸੇ ਵਿਅਕਤੀ ਨੂੰ ਕੁਝ ਘੰਟਿਆਂ ਲਈ ਨੌਕਰੀ ਦੇ ਸਕਦੇ ਹੋ ਜੋ ਤੁਹਾਡੇ ਲਈ ਖਾਣੇ ਪਕਾ ਕੇ ਫ਼ਰੀਜ ਕਰ ਸਕਦਾ ਹੋਵੇ ਜਿਸਨੂੰ ਤੁਸੀਂ ਆਪਣੇ ਆਪ ਦੁਬਾਰਾ ਗਰਮ ਕਰ ਸਕਦੇ ਹੋ।**

ਇਕ ਹੋਰ ਉਦੇਸ਼ ਇਹ ਹੋ ਸਕਦਾ ਹੈ ਕਿ ਤੁਹਾਡੀ ਦੇਖ-ਭਾਲ ਕਰਨ ਵਾਲੇ ਮੁੱਖ ਵਿਅਕਤੀ ਨੂੰ ਦੇਖ-ਭਾਲ ਦੇ ਕੰਮ ਤੋਂ ਬਾਕਾਇਦਾ ਆਰਾਮ ਮਿਲੇ। ਤੁਸੀਂ ਆਪਣੀ ਡਾਇਰੈਕਟ ਪੇਮੈਂਟ ਦੀ ਵਰਤੋਂ ਰੈਜ਼ੀਡੈਂਸ਼ੀਅਲ ਹੋਮ ਵਿਚ ਹਫ਼ਤੇ ਲਈ ਰਹਿਣ ਵਾਸਤੇ ਕਰ ਸਕਦੇ ਹੋ। ਜਾਂ ਤੁਸੀਂ ਕਿਸੇ ਵਿਸ਼ੇਸ਼ ਹੋਟਲ ਵਿਚ ਜਾਣ ਦਾ ਫ਼ੈਸਲਾ ਕਰ ਸਕਦੇ ਹੋ ਜਿਸ ਵਿਚ ਤੁਹਾਡੇ ਠਹਿਰਾਉ ਦੇ ਇਕ

ਭਾਗ ਵਜੋਂ ਤੁਹਾਡੀ ਦੇਖ-ਭਾਲ ਕੀਤੀ ਜਾਂਦੀ ਹੋਵੇ ਤਾਂਕਿ ਤੁਸੀਂ ਅਤੇ ਤੁਹਾਡਾ ਸਾਥੀ ਦੋਨੋਂ ਇਕੱਠੇ ਜਾ ਸਕੋ।

ਜੇਕਰ ਤੁਸੀਂ ਆਪਣੀ ਡਾਇਰੈਕਟ ਪੇਮੈਂਟ ਦੀ ਵਰਤੋਂ ਕਿਸੇ ਕੰਮ ਲਈ ਕਰਨਾ ਚਾਹੁੰਦੇ ਹੋ ਅਤੇ ਤੁਹਾਨੂੰ ਇਹ ਪੱਕਾ ਪਤਾ ਨਹੀਂ ਹੈ ਕਿ ਇਹ ਤੁਹਾਡੇ ਉਦੇਸ਼ਾਂ ਦੀ ਪੂਰਤੀ ਕਰਦਾ ਹੈ ਤਾਂ ਤੁਸੀਂ ਇੰਡੀਪੈਂਡੈਂਟ ਲਿਵਿੰਗ ਟੀਮ ਦੇ ਮੈਂਬਰ ਨੂੰ ਪੁੱਛ ਸਕਦੇ ਹੋ।

# Will anyone help me?
# ਕੀ ਕੋਈ ਮੇਰੀ ਮੱਦਦ ਕਰੇਗਾ?

The Independent Living team will give you all the support you need to manage a direct payment. This can include helping you to open a separate bank account, finding an organisation to do the wages for anyone you employ and advertising for staff.
You can contact the team on 01484 416760,
or email: independent.living@kirklees.gov.uk

**ਡਾਇਰੈਕਟ ਪੇਮੈਂਟ ਦਾ ਪਰਬੰਧ ਕਰਨ ਲਈ ਇੰਡੀਪੈਂਡੈਂਟ ਲਿਵਿੰਗ ਟੀਮ ਤੁਹਾਨੂੰ ਸਾਰੀ ਲੋੜੀਂਦੀ ਸਹਾਇਤਾ ਦੇਵੇਗੀ।ਇਸ ਵਿਚ ਤੁਹਾਡਾ ਵੱਖਰਾ ਬੈਂਕ ਅਕਾਉਂਟ ਖੋਲ੍ਹਣ, ਤੁਹਾਡੇ ਵਲੋਂ ਨੌਕਰੀ 'ਤੇ ਰੱਖੇ ਵਿਅਕਤੀ ਦੀ ਤਨਖਾਹ ਬਣਾਉਣ ਵਾਲੀ ਕਿਸੇ ਸੰਸਥਾ ਨੂੰ ਲੱਭਣ ਅਤੇ ਸਟਾਫ਼ ਭਰਤੀ ਕਰਨ ਲਈ ਵਿਗਿਆਪਨ ਦੇਣ ਵਿਚ ਤੁਹਾਡੀ ਮੱਦਦ ਕਰਨਾ ਸ਼ਾਮਲ ਹੈ।**

ਤੁਸੀਂ ਟੀਮ ਨਾਲ 01484 416760 'ਤੇ ਸੰਪਰਕ ਕਰ ਸਕਦੇ ਹੋ।
ਜਾਂ ਈਮੇਲ ਕਰੋ: independent.living@kirklees.gov.uk

# It sounds complicated!
# ਇਹ ਕੰਮ ਮੁਸ਼ਕਲ ਲੱਗਦਾ ਹੈ!

Many people feel anxious at the thought of managing their own support but are surprised when they realise how much help they can get and how easy it can be.

A direct payment can help you to live your life the way you want to live it, giving you more choice and control but there will be a certain amount of responsibility on your behalf for managing your direct payment.

We will give you as much help as you need to take on the responsibility of a direct payment because we think it is worth it! But don't just take our word for it. We have a discussion forum for anyone who uses direct payments at kirklees.gov.uk/forums. Log into the forum and ask the people who use direct payments everyday what they think.

**ਬਹੁਤ ਸਾਰੇ ਲੋਕਾਂ ਨੂੰ ਆਪਣੀ ਮੱਦਦ ਦਾ ਆਪ ਪਰਬੰਧ ਕਰਨਾ ਫ਼ਿਕਰ ਵਾਲੀ ਗੱਲ ਲੱਗਦੀ ਹੈ ਲੇਕਿਨ ਜਦ ਉਨ੍ਹਾਂ ਨੂੰ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਇਸ ਵਿਚ ਕਿਤਨੀ ਸਹਾਇਤਾ ਮਿਲ ਸਕਦੀ ਹੈ ਅਤੇ ਇਹ ਕੰਮ ਕਿਤਨਾ ਆਸਾਨ ਹੋ ਸਕਦਾ ਹੈ ਤਾਂ ਉਨ੍ਹਾਂ ਨੂੰ ਹੈਰਾਨੀ ਹੁੰਦੀ ਹੈ।**

ਡਾਇਰੈਕਟ ਪੇਮੈਂਟ ਤੁਹਾਨੂੰ ਚੋਣ ਕਰਨ ਦੀ ਵਧੇਰੇ ਖੁੱਲ੍ਹ ਅਤੇ ਕੰਟਰੋਲ ਦੇ ਕੇ ਆਪਣੀ ਪਸੰਦ ਦਾ ਜੀਵਨ ਜੀਣ ਵਿਚ ਤੁਹਾਡੀ ਮੱਦਦ ਕਰਦੀ ਹੈ ਲੇਕਿਨ ਆਪਣੀ ਡਾਇਰੈਕਟ ਪੇਮੈਂਟ ਦਾ ਪਰਬੰਧ ਕਰਨ ਲਈ ਤੁਹਾਡੀ ਕੁਝ ਜ਼ਿੰਮੇਵਾਰੀ ਵੀ ਹੋਵੇਗੀ।

ਡਾਇਰੈਕਟ ਪੇਮੈਂਟ ਦੀ ਜ਼ਿੰਮੇਵਾਰੀ ਲੈਣ ਵਿਚ ਤੁਹਾਨੂੰ ਜਿਤਨੀ ਸਹਾਇਤਾ ਦੀ ਲੋੜ ਹੋਵੇਗੀ ਅਸੀਂ ਤੁਹਾਨੂੰ ਉਹ ਦੇਵਾਂਗੇ ਕਿਉਂਕਿ ਅਸੀਂ ਸਮਝਦੇ ਹਾਂ ਕਿ ਇਹ ਗੱਲ ਲਾਭਦਾਇਕ ਹੈ! ਲ਼ੇਕਿਨ ਕੇਵਲ ਸਾਡੀ ਗੱਲ ਹੀ ਨਾ ਸੁਣੋ। ਡਾਇਰੈਕਟ ਪੇਮੈਂਟਸ ਦੀ ਵਰਤੋਂ ਕਰਨ ਵਾਲੇ ਸਾਰੇ ਵਿਅਕਤੀਆਂ ਵਾਸਤੇ ਸਾਡੇ ਕੋਲ ਵਿਚਾਰ ਵਟਾਂਦਰਾ ਕਰਨ ਵਾਲਾ ਫ਼ੋਰਮ ਹੈ ਜਿਸਦਾ ਪਤਾ ਹੈ: kirklees.gov.uk/forums. ਇਸ ਫ਼ੋਰਮ 'ਤੇ ਲੌਗ ਇਨ ਕਰਕੇ ਤੁਸੀਂ ਡਾਇਰੈਕਟ ਪੇਮੈਂਟਸ ਦੀ ਰੋਜ਼ਾਨਾ ਵਰਤੋਂ ਕਰਨ ਵਾਲੇ ਲੋਕਾਂ ਤੋਂ ਉਨ੍ਹਾਂ ਦੇ ਵਿਚਾਰ ਪੁੱਛ ਸਕਦੇ ਹੋ।

# Further information
# ਵਧੇਰੇ ਜਾਣਕਾਰੀ

ਇਸ ਲੀਫ਼ਲੈੱਟ ਵਿਚ ਦਿੱਤੀ ਗਈ ਕਿਸੇ ਗੱਲ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਇੰਡੀਪੈਂਡੈਂਟ ਲਿਵਿੰਗ ਟੀਮ ਨਾਲ 01484 416760 'ਤੇ ਸੰਪਰਕ ਕਰੋ, ਈਮੇਲ ਕਰੋ: independent.living@kirklees.gov.uk, ਜਾਂ ਇਸ ਪਤੇ 'ਤੇ ਚਿੱਠੀ ਲਿਖੋ:
The Independent Living Team

Eastlawns
21 Thomas Street
Lindley
Huddersfield
HD3 3JJ

ਸ਼ਾਡੇ ਡਿਸਕਸ਼ਨ ਫ਼ੋਰਮ ਦੀ ਸਾਈਟ ਦੇਖੋ: www.kirklees.gov.uk/forums

ਸਿਹਤ ਅਤੇ ਸਮਾਜਿਕ ਦੇਖ-ਭਾਲ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਆਪਣੇ ਸਥਾਨਕ ਗੇਟਵੇ ਟੂ ਕੇਅਰ ਨਾਲ 01484 223 000 ਜਾਂ 01484 226 050'ਤੇ ਸੰਪਰਕ ਕਰੋ।
ਸੰਕਟ ਦੇ ਸਮੇਂ, ਕੇਵਲ ਦਫ਼ਤਰ ਬੰਦ ਹੋਣ ਵੇਲੇ,
ਕਿਰਪਾ ਕਰਕੇ ਟੈਲੀਫ਼ੋਨ ਕਰੋ: 01924 326 489

# Information in other formats
# ਹੋਰ ਰੂਪਾਂ ਵਿਚ ਜਾਣਕਾਰੀ

Kirklees Council Adults and Communities are committed to making sure its communication is clear, plain and available for everyone. This newsletter can be made available in languages other than English. It can also be made available in large print, Audio CD, audiotape and Braille.

Full details are available by telephoning 01484 225274.

ਕਰਕਲੀਜ਼ ਕੌਂਸਲ ਅਡੱਲਟਸ ਐਂਡ ਕਮਿਉਨਿਟੀਜ਼ ਇਹ ਗੱਲ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਇਨ੍ਹਾਂ ਵਲੋਂ ਦਿੱਤੀ ਗਈ ਜਾਣਕਾਰੀ ਸਪੱਸ਼ਟ, ਆਸਾਨ ਅਤੇ ਹਰ ਇਕ ਲਈ ਸੁਲੱਭ ਹੈ। ਇਹ ਸਮਾਚਾਰ-ਪੱਤਰ ਅੰਗਰੇਜ਼ੀ ਤੋਂ ਇਲਾਵਾ ਹੋਰ ਬੋਲੀਆਂ ਵਿਚ ਵੀ ਮਿਲ ਸਕਦਾ ਹੈ। ਇਹ ਵੱਡੇ ਆਕਾਰ ਦੀ ਛਪਾਈ, ਆਡੀਓ ਸੀ ਡੀ, ਆਡੀਓ ਟੇਪ ਅਤੇ ਬ੍ਰੇਲ ਵਿਚ ਵੀ ਮਿਲ ਸਕਦਾ ਹੈ।

ਇਸਦਾ ਪੂਰਾ ਵੇਰਵਾ 01484 225274 'ਤੇ ਟੈਲੀਫੋਨ ਕਰਕੇ ਮਿਲ ਸਕਦਾ ਹੈ।

**Putting People**
**First in Kirklees**
**ਕਰਕਲੀਜ਼ ਵਿਖੇ**
**ਲੋਕਾਂ ਨੂੰ ਪਹਿਲ ਦੇਣਾ**

Kirklees Council
Gateway to care
30 Market Street
Huddersfield HD1 2HG
gatewaytocare@kirklees.gov.uk
www.kirklees.gov.uk
01484 223 000

This booklet has been produced by Kirklees Council Adults and Communities, Marketing and Public Information Team.
ਇਹ ਕਿਤਾਬਚਾ ਕਰਕਲੀਜ਼ ਕੌਂਸਲ ਅਡੱਲਟਸ ਐਂਡ ਕਮਿਉਨਿਟੀਜ਼, ਮਾਰਕੀਟਿੰਗ ਐਂਡ ਪਬਲਿਕ ਇਨਫ਼ਰਮੇਸ਼ਨ ਟੀਮ ਵਲੋਂ ਤਿਆਰ ਕੀਤਾ ਗਿਆ ਹੈ।
PIP ਰੈਫ਼ਰੈਂਸ: GI11094
ਦਸੰਬਰ 2009
Design ed by Kirklees Graphic Services Tel: 01484 416992 / int: 860 2992
ਕਰਕਲੀਜ਼ ਗ੍ਰਾਫਿਕ ਸਰਵਿਸਿਜ਼ ਵਲੋਂ ਡਿਜ਼ਾਈਨ ਕੀਤਾ ਗਿਆ। ਟੈਲੀਫੋਨ: 01484 416992 / int: 860 2992